**ਨਮੂਨਾ ਪ੍ਰਸ਼ਨ ਪੱਤਰ (2021-22)**

**ਜਮਾਤ: 10+2**

**ਵਿਸ਼ਾ: ਅਰਥਸ਼ਾਸਤਰ**

**ਟਰਮ-2**

**ਸਮਾਂ: 2:30 ਘੰਟੇ** **ਕੁੱਲ ਅੰਕ: 40**

**ਸਧਾਰਨ ਹਦਾਇਤਾਂ**:

1. ਇਸ ਪ੍ਰਸ਼ਨ ਪੱਤਰ ਵਿੱਚ ਕੁੱਲ 4 ਪ੍ਰਸ਼ਨ ਹਨ। ਹਰੇਕ ਪ੍ਰਸ਼ਨ ਦਾ ਉੱਤਰ ਦਿੱਤਾ ਜਾਣਾ ਲਾਜ਼ਮੀ ਹੈ।
2. ਹਰੇਕ ਪ੍ਰਸ਼ਨ ਦੇ ਅੰਕ ਉਸ ਦੇ ਸਾਹਮਣੇ ਲਿਖੇ ਹੋਏ ਹਨ।
3. ਸਧਾਰਨ ਕੈਲਕੁਲੇਟਰ ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਪ੍ਰਸ਼ਨ:1 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿੱਤੇ ਜਾਣ। ਹਰੇਕ ਪ੍ਰਸ਼ਨ 1 ਅੰਕ ਦਾ ਹੈ।**

**1X8=8 ਅੰਕ**

1. ਵਸਤੂ ਵਟਾਂਦਰਾ ਪ੍ਰਣਾਲੀ ਤੋਂ ਕੀ ਭਾਵ ਹੈ?
2. ਰਾਜਕੋਸ਼ੀ ਨੀਤੀ ਤੋਂ ਕੀ ਭਾਵ ਹੈ?
3. ਵੱਧ ਮੰਗ ਦੀ ਸਮੱਸਿਆ ਕਦੋਂ ਪੈਦਾ ਹੁੰਦੀ ਹੈ?
4. ਪ੍ਰਾਥਮਿਕ ਘਾਟੇ ਤੋਂ ਕੀ ਭਾਵ ਹੈ?
5. ਮਨੁੱਖੀ ਪੂੰਜੀ ਨਿਰਮਾਣ ਤੋਂ ਕੀ ਭਾਵ ਹੈ?
6. ਜੈਵਿਕ ਖੇਤੀ ਤੋਂ ਕੀ ਭਾਵ ਹੈ?
7. ਧਾਰਨੀ ਵਿਕਾਸ ਦੀ ਧਾਰਨਾ ਦੀ ਵਿਆਖਿਆ ਕਰੋ।
8. ਹਵਾ ਪ੍ਰਦੂਸ਼ਣ ਤੋਂ ਕੀ ਭਾਵ ਹੈ?

**ਪ੍ਰਸ਼ਨ:2 ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ 4 ਪ੍ਰਸ਼ਨ ਕਰਨੇ ਹਨ। ਹਰੇਕ ਪ੍ਰਸ਼ਨ ਦਾ ਉੱਤਰ 60-70 ਸ਼ਬਦਾਂ ਵਿੱਚ ਦਿੱਤਾ ਜਾਵੇ। ਹਰੇਕ ਪ੍ਰਸ਼ਨ 4 ਅੰਕਾਂ ਦਾ ਹੈ।**

**4X4=16 ਅੰਕ**

1. ਘੱਟ ਮੰਗ ਦੀ ਸਮੱਸਿਆ ਤੋਂ ਕੀ ਭਾਵ ਹੈ? ਇਸ ਦੇ ਪ੍ਰਭਾਵਾਂ ਦਾ ਵਰਣਨ ਕਰੋ।
2. ਸਰਕਾਰੀ ਬਜਟ ਤੋਂ ਕੀ ਭਾਵ ਹੈ? ਇਸ ਦੇ ਮੁੱਖ ਉਦੇਸ਼ਾਂ ਦਾ ਵਰਣਨ ਕਰੋ।
3. ਪੇਂਡੂ ਸਾਖ ਤੋਂ ਕੀ ਭਾਵ ਹੈ? ਪੇਂਡੂ ਸਾਖ ਦੀਆਂ ਮੁੱਖ ਕਿਸਮਾਂ ਦਾ ਵਰਣਨ ਕਰੋ।
4. ਭਾਰਤ ਨੂੰ ਸਿਹਤ ਦੇ ਖੇਤਰ ਵਿੱਚ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ?
5. ਸੂਚਕ ਅੰਕਾਂ ਦਾ ਨਿਰਮਾਣ ਕਰਦੇ ਸਮੇਂ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ?
6. ਹੇਠ ਦਿੱਤੇ ਅੰਕੜਿਆਂ ਤੋਂ 2012 ਨੂੰ ਅਧਾਰ ਸਾਲ ਦੇ ਤੌਰ ਤੇ ਸਵੀਕਾਰ ਕਰਦੇ ਹੋਏ ਸਰਲ ਸਮੂਹੀਕਰਨ ਵਿਧੀ ਰਾਹੀਂ ਸੂਚਕ ਅੰਕ ਦੇ ਮੁੱਲ ਦਾ ਪਤਾ ਕਰੋ।

| ਸਾਲ | ਵਸਤੂਆਂ | | | | |
|---|---|---|---|---|---|
| | A | B | C | D | E |
| 2012 ਦੀਆਂ ਕੀਮਤਾਂ | 15 | 18 | 20 | 18 | 24 |
| 2015 ਦੀਆਂ ਕੀਮਤਾਂ | 17 | 20 | 23 | 20 | 25 |

**ਪ੍ਰਸ਼ਨ:3 ਹੇਠ ਲਿਖੇ ਪੈਰਾ ਨੂੰ ਪੜ੍ਹ ਕੇ ਹੇਠਾਂ ਦਿੱਤੇ ਗਏ 4 ਪ੍ਰਸ਼ਨਾਂ ਦੇ ਉੱਤਰ ਦਿਓ। ਹਰੇਕ ਪ੍ਰਸ਼ਨ 1 ਅੰਕ ਦਾ ਹੈ।**

**1X4=4 ਅੰਕ**

ਦੁਨੀਆਂ ਵਿੱਚ ਸਭ ਤੋਂ ਪਹਿਲਾਂ ਵਸਤੂ ਅਤੇ ਸੇਵਾ ਕਰ ਫਰਾਂਸ ਦੁਆਰਾ ਸਾਲ 1954 ਵਿੱਚ ਲਾਗੂ ਕੀਤਾ ਗਿਆ ਸੀ। ਇਸ ਕਰ ਨੂੰ ਭਾਰਤ ਵਿੱਚ 1 ਜੁਲਾਈ 2017 ਨੂੰ ਲਾਗੂ ਕੀਤਾ ਗਿਆ। ਇਹ ਇੱਕ ਅਪ੍ਰੱਤਖ ਕਰ ਹੈ, ਜਿਸ ਵਿੱਚ 5%, 12%, 18% ਅਤੇ 28% ਦੀ ਦਰ ਨਾਲ ਵਸਤੂਆਂ ਅਤੇ ਸੇਵਾਵਾਂ ਤੇ ਕਰ ਲਗਾਇਆ ਜਾਂਦਾ ਹੈ। ਇਸ ਵਿੱਚ ਕਈ ਬਹੁਤ ਜ਼ਰੂਰੀ ਵਸਤੂਆਂ ਅਤੇ ਸੇਵਾਵਾਂ ਤੇ ਕਰ ਦੀ ਦਰ ਸਿਫਰ ਵੀ ਹੈ, ਤਾਂ ਕਿ ਹਰੇਕ ਗਰੀਬ ਤੋਂ ਗਰੀਬ ਵਿਅਕਤੀ ਤੱਕ ਉਹਨਾਂ ਜ਼ਰੂਰੀ ਵਸਤੂਆਂ ਦੀ ਪਹੁੰਚ ਨੂੰ ਸੰਭਵ ਬਣਾਇਆ ਜਾ ਸਕੇ। ਇਸ ਨਾਲ ਭਾਰਤ ਸਰਕਾਰ ਦੀਆਂ ਕਰ ਪ੍ਰਾਪਤੀਆਂ ਵਿੱਚ ਕਾਫੀ ਵਾਧਾ ਹੋਇਆ ਹੈ ਕਿਉਂਕਿ ਇਸ ਵਿੱਚ ਕਰ ਚੋਰੀ ਦੀ ਸੰਭਾਵਨਾ ਬਹੁਤ ਘੱਟ ਹੈ।

1. ਭਾਰਤ ਵਿੱਚ ਵਸਤੂ ਅਤੇ ਸੇਵਾ ਕਰ ਦੀਆਂ ਕਿੰਨੀਆਂ ਦਰਾਂ ਪ੍ਰਚਲਿਤ ਹਨ?
2. ਦੁਨੀਆਂ ਵਿੱਚ ਸਭ ਤੋਂ ਪਹਿਲਾਂ ਕਿਸ ਦੇਸ਼ ਦੁਆਰਾ ਵਸਤੂ ਅਤੇ ਸੇਵਾ ਕਰ ਨੂੰ ਲਾਗੂ ਕੀਤਾ ਗਿਆ ਸੀ?
3. ਭਾਰਤ ਵਿੱਚ ਵਸਤੂ ਅਤੇ ਸੇਵਾ ਕਰ ਨੂੰ ਕਦੋਂ ਲਾਗੂ ਕੀਤਾ ਗਿਆ?
4. ਵਸਤੂ ਅਤੇ ਸੇਵਾ ਕਰ ਵਿੱਚ ਚੋਰੀ ਦੀ ਸੰਭਾਵਨਾ ......... ਹੁੰਦੀ ਹੈ। (ਵੱਧ/ਘੱਟ)

**ਪ੍ਰਸ਼ਨ:4 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 150-200 ਸ਼ਬਦਾਂ ਵਿੱਚ ਦਿੱਤੇ ਜਾਣ। ਹਰੇਕ ਪ੍ਰਸ਼ਨ 6 ਅੰਕਾਂ ਦਾ ਹੈ।**

**2X6=12 ਅੰਕ**

**1.** ਕੇਂਦਰੀ ਬੈਂਕ ਤੋਂ ਕੀ ਭਾਵ ਹੈ? ਇਸ ਦੇ ਕੰਮਾਂ ਦਾ ਵਰਣਨ ਕਰੋ।

**ਜਾਂ**

ਸਥਿਰ ਵਟਾਂਦਰਾ ਦਰ ਪ੍ਰਣਾਲੀ ਤੋਂ ਕੀ ਭਾਵ ਹੈ? ਇਸ ਦੇ ਗੁਣ ਅਤੇ ਦੋਸ਼ਾਂ ਦਾ ਵਰਣਨ ਕਰੋ।

**2.** ਮਨੁੱਖੀ ਪੂੰਜੀ ਤੋਂ ਕੀ ਭਾਵ ਹੈ? ਦੇਸ਼ ਦੇ ਵਿਕਾਸ ਵਿੱਚ ਮਨੁੱਖੀ ਪੂੰਜੀ ਦੇ ਯੋਗਦਾਨ ਦੀ ਵਿਆਖਿਆ ਕਰੋ।

**ਜਾਂ**

ਧਾਰਨੀ ਵਿਕਾਸ ਦੀਆਂ ਮੁੱਖ ਸ਼ਰਤਾਂ ਦਾ ਵਰਣਨ ਕਰੋ।